*ਆਕਸਫ਼ੋਰਡ ਸਕੂਲ ਵਿੱਚ ਤੁਹਾਡਾ ਸੁਆਗਤ ਹੈ...*

ਆਕਸਫ਼ੋਰਡ ਸਕੂਲ, ਆਕਸਫ਼ੋਰਡ ਸ਼ਹਿਰ ਵਿੱਚ ਇੱਕ ਬਹੁਤ ਮਸ਼ਹੂਰ ਅਤੇ ਚੰਗੀ ਤਰ੍ਹਾਂ ਬਣਿਆ ਹੋਇਆ ਫ਼ਾਉਂਡੇਸ਼ਨ ਸਕੂਲ ਹੈ । ਅਸੀਂ 11 ਤੋਂ 19 ਸਾਲ ਦੀ ਉਮਰ ਤੱਕ ਦੇ 1100 ਵਿਦਾਰਥੀਆਂ ਵਾਸਤੇ ਉੱਚ ਪੱਧਰ ਦੀ ਸਿੱਖਿਆ ਪ੍ਰਦਾਨ ਕਰਦੇ ਹਾਂ । ਅਸੀਂ ਬਿਜ਼ਨਿਸ ਅਤੇ ਐਂਟ੍ਰਪ੍ਰਾਈਜ਼ ਦੀ ਵਿਸ਼ੇਸ਼ਤਾ ਵਾਲਾ ਸਕੂਲ ਹਾਂ ਅਤੇ ਸਾਡੀ ਤਾਜ਼ੀ ਆਫ਼ਸਟੈੱਡ ਇੰਸਪੈਕਸ਼ਨ (Ofstead Inspection) ਵਿੱਚ ਸਥਾਨਕ ਬਿਜ਼ਨਿਸ ਅਤੇ ਕਮਿਊਨਿਟੀ ਦੇ ਨਾਲ ਸਾਡੀ ਸਾਂਝੇਦਾਰੀ ਦੇ ਕੰਮ ਨੂੰ ਉੱਚ–ਪੱਧਰ ਦਾ ਵਰਣਨ ਕੀਤਾ ਗਿਆ ਹੈ ।

ਸਾਡੇ ਵਿਦਿਆਰਥੀ ਆਪਣੇ ਆਪ ਤੇ ਭਰੋਸਾ ਰੱਖਣ ਵਾਲੇ, ਸਪਸ਼ਟ ਅਤੇ ਕਾਮਯਾਬ ਹਨ । ਵਿਦਿਅੱਕ ਕਾਮਯਾਬੀ ਦੇ ਨਾਲ ਉਨ੍ਹਾਂ ਦੀਆਂ ਪ੍ਰਾਪਤੀਆਂ ਖੇਡਾਂ, ਅਦਾਕਾਰੀ, ਸਹਿੱਤ ਅਤੇ ਕਲਾ ਵਿੱਚ ਮਹੱਤਵਪੂਰਣ ਹਨ ਅਤੇ ਚੌਗਿਰਦੇ ਦੇ ਖੇਤਰ ਵਿੱਚ ਉਨ੍ਹਾਂ ਦਾ ਕੰਮ ਇੱਕ ਸੱਚੇ ਗਰਵ ਦਾ ਸਾਧਨ ਹੈ ।

ਅਸੀਂ ਆਕਸਫ਼ਰਡਸ਼ਾਇਰ ਵਿੱਚ ਇਕੱਲੇ ਸਕੈਂਡਰੀ ਸਕੂਲ ਹਾਂ ਜਿਸ ਨੂੰ ਗ੍ਰੀਨ ਫ਼ਲੈਗ ਦਾ ਰੁੱਤਬਾ ਮਿਲਿਆ ਹੋਇਆ ਹੈ, ਕਿਉਂਕਿ ਸਾਡੇ ਵਿਦਿਆਰਥੀਆਂ ਦੇ ਕੰਮ ਨੂੰ ਈ ਸੀ ਓ ਸਕੂਲ ਸਕੀਮ ਨੇ ਪਛਾਣਿਆ ਹੈ ।

ਇਹ ਸਕੂਲ ਇਸ ਸ਼ਹਿਰ ਦੇ ਸਰਬ ਦੇਸੀ ਸੁਭਾਅ ਦਾ ਪ੍ਰਕਟਾਵਾ ਕਰਦਾ ਹੈ ਅਤੇ ਸੱਚੇ ਤੌਰ ਤੇ ਅੰਤ੍ਰਰਾਸ਼ਟ੍ਰੀਅਤਾ ਨੂੰ ਮਹਿਸੂਸ ਕਰਦਾ ਹੈ । ਬ੍ਰਿਟਿਸ਼ ਕੌਂਸਲ ਨੇ ਲਗਾਤਾਰ ਪਿਛਲੇ ਛੇ ਸਾਲਾਂ ਤੋਂ ਸਾਡੇ ਸਕੂਲ ਨੂੰ ਇੰਟ੍ਰਨੈਸ਼ਨਲ ਸਕੂਲ ਦੇ ਸਨਮਾਨ ਨਾਲ ਸਨਮਾਨਿਤ ਕੀਤਾ ਹੈ ।

ਸਭ ਤੋਂ ਉੱਤੇ ਅਸੀਂ ਇੱਕ ਸਵਾਗਤੀ ਸਕੂਲ ਦੀ ਨੁਮਾਇੰਦਗੀ ਕਰਦੇ ਹਾਂ ਜਿੱਥੇ ਅਸੀਂ ਜੋ ਵੀ ਕਰਦੇ ਹਾਂ, ਉੱਥੇ ਸਾਰੀਆਂ ਦੀਆਂ ਪ੍ਰਾਪਤੀਆਂ, ਕੇਂਦ੍ਰ–ਬਿੰਦੂ ਹਨ ।

**ਹੈਡਟੀਚਰ**

ਕਿਰਪਾ ਕਰਕੇ ਸਾਡੇ ਸਵਾਗਤ ਨੂੰ ਪੰਜਾਬੀ ਵਿੱਚ ਦੇਖਣ ਵਾਸਤੇ ਇੱਥੇ ਕਲਿੱਕ ਕਰੋ – (ਪੰਜਾਬੀ ਅਨੁਵਾਦ)